**BCM SCHOOL BASANT AVENUE DUGRI LUDHIANA**

**CLASS- XI**

**SUBJECT -PUNJABI (104)**

**ASSIGNMENT**

1. **ਹੇਠ ਦਿੱਤੀ ਕਾਵਿ ਟੁਕੜੀ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ –**

   ਸੁਣ ਨੀ ਕੁੜੀਏ ! ਸੁਣ ਨੀ ਚਿੜੀਏ !
   ਤੇਰਾ ਪੁੰਨਿਆਂ ਤੋਂ ਰੂਪ ਸਵਾਇਆ।
   ਵਿੱਚ ਸਖੀਆਂ ਦੇ ਪੈਲਾਂ ਪਾਵੇਂ, ਤੈਨੂੰ ਨੱਚਣਾ ਕੀਹਨੇ ਸਿਖਾਇਆ।
   ਤੂੰ ਹੱਸਦੀ ਦਿਲ ਰਾਜ਼ੀ ਸਭ ਦਾ, ਜਿਉਂ ਬਿਰਛਾਂ ਦੀ ਛਾਇਆ।
   ਨੱਚ-ਨੱਚ ਕੇ ਤੂੰ ਹੋਗੀ ਦੂਹਰੀ, ਭਾਗ ਗਿੱਧੇ ਨੂੰ ਲਾਇਆ।
   ਪਰੀਏ ਰੂਪ ਦੀਏ,
   ਤੈਨੂੰ ਰੱਬ ਨੇ ਆਪ ਬਣਾਇਆ ......।

   1. ਇਹਨਾਂ ਸਤਰਾਂ ਵਿੱਚ ਕੁੜੀ ਨੂੰ ਕੀ ਕਹਿ ਕੇ ਸੰਬੋਧਨ ਕੀਤਾ ਗਿਆ ਹੈ?
   2. ਵਿੱਚ ਸਖੀਆਂ ਦੇ ਪੈਲਾਂ ਪਾਵੇਂ......ਤੁਕ ਵਿੱਚ ਵਰਤੇ ਸ਼ਬਦ ਸਖੀਆਂ ਦਾ ਕੀ ਭਾਵ ਹੈ ?
   3. ਕੁੜੀ ਦੇ ਹੱਸਣ ਦੀ ਤੁਲਨਾ ਕਿਸ ਨਾਲ ਕੀਤੀ ਗਈ ਹੈ ?
   4. ਇਹ ਕਾਵਿ ਸਤਰਾਂ ਕਿਸ ਕਾਵਿ ਰੂਪ ਵਿੱਚੋਂ ਲਈਆਂ ਗਈਆਂ ਹਨ?

2. **ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਲਿਖੋ -**

   1. ਬੁਝਾਰਤਾਂ ਦਿਮਾਗੀ ਸੂਝ-ਬੂਝ ਨੂੰ ਪਰਖਣ ਦਾ ਸਾਧਨ ਕਿਵੇਂ ਹਨ?
   2. ਤੁਹਾਡੀ ਪਾਠ ਪੁਸਤਕ ਵਿੱਚ ਕਿਹੜੀ ਬੁਝਾਰਤ ਦਰਜ ਹੈ ਜਿਸ ਵਿੱਚ ਸਾਵਣ ਅਤੇ ਭਾਦੋਂ ਦੇ ਮਹੀਨੇ ਦੇ ਮੀਹਾਂ ਦਾ ਜ਼ਿਕਰ ਆਇਆ ਹੈ?
   3. ਪਿੰਡ ਤਾਂ ਸਾਡੇ ਬੋਲੀ ਦੇ ਵਿੱਚ ਬੋਲੀ ਕਾਰ ਆਪਣੀ ਕਿਹੜੀ ਕਿਹੜੀ ਸਿਫਤ ਕਰਦਾ ਹੈ ?
   4. ਬੁੱਤ ਬਣੌਟਿਆ ਢੋਲੇ ਵਿੱਚ ਨਾਇਕਾ ਆਪਣੇ ਦੁੱਖ ਦਾ ਵਰਨਣ ਕਿੰਨਾ ਸ਼ਬਦਾਂ ਦੇ ਰਾਹੀਂ ਕਰਦੀ ਹੈ ?

3. **ਕਿਸੇ ਰੋਜ਼ਾਨਾ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਪੰਜਾਬ ਰਾਜ ਵਿੱਚ ਲੱਕੀ ਸਕੀਮਾਂ ਦੀ ਹੋ ਰਹੀ ਲੁੱਟ ਬਾਰੇ ਆਪਣੇ ਵਿਚਾਰ ਪ੍ਰਗਟਾਓ।**

4. ਤੁਸੀਂ ਆਪਣਾ ਪੁਰਾਣਾ ਸਾਈਕਲ ਵੇਚਣਾ ਚਾਹੁੰਦੇ ਹੋ। ਇਸ ਸਬੰਧੀ ਅਖਬਾਰ ਵਿੱਚ ਦੇਣ ਲਈ ਇੱਕ ਆਕਰਸ਼ਕ ਇਸ਼ਤਿਹਾਰ ਤਿਆਰ ਕਰੋ।